# O/o Samagra Shiksha Abhiyan, Ludhiana

Ph. No.: 0161-4005698
(Email Id ssaludhiana@punjabeducation.gov.in)

Letter No SSA/2023-24/Fin / 2023| 32513 Dated Ldh 04/01/2023

ਸਬੰਧਤ ਬੀ.ਪੀ.ਈ.ਓ.,
ਜ਼ਿਲ੍ਹਾ ਲੁਧਿਆਣਾ।

ਵਿਸ਼ਾ: ਬਲਾਕ ਪੱਧਰ ਤੇ ਗਰਾਂਟ ਜਾਰੀ ਕਰਨ ਸਬੰਧੀ।

ਉਪਰੋਕਤ ਵਿਸ਼ਾ ਸਬੰਧੀ ਹੇਠ ਲਿਖੀ ਡਿਟੇਲ ਅਨੁਸਾਰ ਸਾਲ 2023-24 ਦੀਆਂ ਗਰਾਂਟਾਂ ਆਪਣੇ ਪੱਧਰ ਪੀ.ਐਫ.ਐਮ.ਐਸ. ਰਾਹੀਂ ਅਲੋਕੇਟ ਕੀਤੀਆਂ ਗਈਆਂ ਹਨ:-

| Sr. No. | Component | Sports & Physical Education (Primary Schools ) | Sports & Physical Education (Uppor Primary Schools ) | Sports & Physical Education (Secondary) | Sports & Physical Education (Sr. Secondary) | Uniform SC Boys | Uniform BPL Boys | Exp. Limit | Limit for Child Agencies |
|---|---|---|---|---|---|---|---|---|---|
| | Head No. | 123.146 | 123.147 | 122.143 | 122.144 | 62.45 | 62.46 | | |
| | PFMS Head No. | F.01.123.01 | F.01.123.02 | F.03.122.01 | F.03.122.02 | F.01.62 | | | |
| | Block | Rs. 5000/- per school | Rs. 10000/- per school | Rs. 25000/- per school | Rs. 25000/- per school | Rs. 600/- Per Student | | | |
| 1 | DEHLON-1 | 250000 | 100000 | 210000 | 275000 | 0 | 0 | 0 | 835000 |
| 2 | DEHLON-2 | 255000 | 110000 | 215000 | 200000 | 0 | 1200 | 0 | 781200 |
| 3 | DORAHA | 275000 | 120000 | 125000 | 300000 | 0 | 0 | 0 | 820000 |
| 4 | JAGRAON | 260000 | 30000 | 350000 | 175000 | 0 | 0 | 0 | 815000 |
| 5 | KHANNA-1 | 250000 | 110000 | 110000 | 200000 | 0 | 7800 | 0 | 677800 |
| 6 | KHANNA-2 | 270000 | 100000 | 170000 | 300000 | 0 | 7800 | 0 | 847800 |
| 7 | LUDHIANA-1 | 250000 | 90000 | 300000 | 200000 | 585600 | 0 | 0 | 1425600 |
| 8 | LUDHIANA-2 | 245000 | 90000 | 385000 | 350000 | 0 | 771600 | 0 | 1841600 |
| 9 | MACHHIWARA-1 | 300000 | 90000 | 25000 | 100000 | 0 | 3000 | 0 | 518000 |
| 10 | MACHHIWARA-2 | 265000 | 110000 | 85000 | 125000 | 0 | 24000 | 0 | 609000 |
| 11 | MANGAT-1 | 255000 | 80000 | 35000 | 300000 | 0 | 103800 | 0 | 773800 |
| 12 | MANGAT-2 | 260000 | 100000 | 175000 | 125000 | 766200 | 0 | 0 | 1426200 |
| 13 | MANGAT-3 | 270000 | 50000 | 150000 | 175000 | 0 | 0 | 0 | 645000 |
| 14 | PAKHOWAL | 250000 | 100000 | 285000 | 350000 | 0 | 12600 | 0 | 997600 |
| 15 | RAIKOT | 260000 | 80000 | 195000 | 475000 | 0 | 8400 | 0 | 1018400 |
| 16 | SAMRALA | 275000 | 100000 | 225000 | 150000 | 0 | 10200 | 0 | 760200 |
| 17 | SIDHWAN BET-1 | 265000 | 100000 | 110000 | 225000 | 0 | 7200 | 0 | 707200 |
| 18 | SIDHWAN BET-2 | 255000 | 90000 | 175000 | 275000 | 0 | 0 | 0 | 795000 |
| 19 | SUDHAR | 255000 | 120000 | 445000 | 250000 | 0 | 6000 | 0 | 1076000 |
| | **Grand Total** | **4965000** | **1770000** | **3770000** | **4550000** | **1351800** | **963600** | **0** | **17370400** |

ਗਰਾਂਟਾਂ ਦੀ ਵਰਤੋਂ ਵਿੱਤੀ ਨਿਯਮਾਂ ਅਤੇ ਪ੍ਰਾਪਤ ਹਦਾਇਤਾਂ ਅਨੁਸਾਰ ਕਰਨੀ ਯਕੀਨੀ ਬਣਾਈ ਜਾਵੇ।

Scanned by CamScanner

ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ,
ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਐਸ.ਏ.ਐਸ. ਨਗਰ
(ਸਪੋਰਟਸ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ),
ਪੰਜਾਬ।
ਸਮੂਹ ਸਕੂਲ ਮੁੱਖੀ,
ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ,

ਈ ਫਾਈਲ ਨੰ:: 512363/2023/69438
ਮਿਤੀ ਐਸਏਐਸ ਨਗਰ: 19-06-2023

**ਵਿਸ਼ਾ: ਸਮੱਗਰਾ ਸਿੱਖਿਆ ਅਭਿਆਨ ਤੋਂ ਸਪੋਰਟਸ ਅਤੇ ਫਿਜੀਕਲ ਐਜੂਕੇਸ਼ਨ ਸਾਲ 2023-24 ਅਧੀਨ ਪ੍ਰਾਪਤ ਗ੍ਰਾਂਟ ਦੀ ਵਰਤੋਂ ਕਰਨ ਸਬੰਧੀ ਦਿਸ਼ਾ ਨਿਰਦੇਸ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੱਗਰਾ ਸਿੱਖਿਆ ਸਾਲ 2023-24 ਤਹਿਤ ਭਾਰਤ ਸਰਕਾਰ ਵੱਲੋਂ ਸਪੋਰਟਸ ਅਤੇ ਫਿਜੀਕਲ ਐਜੂਕੇਸ਼ਨ ਲਈ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ 5000/- ਪ੍ਰਤੀ ਸਕੂਲ, ਸਮੂਹ ਸਰਕਾਰੀ ਮਿਡਲ ਸਕੂਲਾਂ ਨੂੰ 10000/- ਪ੍ਰਤੀ ਸਕੂਲ, ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ 25,000/- ਰੁਪਏ ਪ੍ਰਤੀ ਸਕੂਲ ਦੀ ਦਰ ਨਾਲ ਰਾਸ਼ੀ ਮੰਨਜੂਰ ਕੀਤੀ ਗਈ ਹੈ ਜੋ ਕਿ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐਸਿ) ਦੇ ਦਫਤਰੀ ਆਕਉਂਟ ਵਿੱਚ ਮੁੱਖ ਦਫਤਰ ਸਰਵ ਸਿੱਖਿਆ ਅਭਿਆਨ, ਪੰਜਾਬ, ਐਸਏਐਸ ਨਗਰ ਵੱਲੋਂ ਟ੍ਰਾਂਸਫਰ ਕਰ ਦਿੱਤੀ ਗਈ ਹੈ। ਇਸ ਲਈ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐਸਿ) ਨਾਲ ਤਾਲਮੇਲ ਕੀਤਾ ਜਾਵੇ।

ਉਕਤ ਰਾਸ਼ੀ ਨੂੰ ਖਰਚ ਕਰਨ ਲਈ ਇਨ੍ਹਾਂ ਫੰਡਜ ਨਾਲ ਹਰੇਕ ਸਕੂਲ ਵੱਲੋਂ ਖੇਡ ਮੈਦਾਨ ਤਿਆਰ ਕਰਨ ਅਤੇ ਖੇਡ ਨਾਲ ਸਬੰਧਤ ਸਮਾਨ ਖਰੀਦ ਕਰਨ ਸਮੇਂ ਹੇਠ ਲਿਖੇ ਨਿਯਮਾਂ ਦਾ ਪਾਲਣ ਕਰਨਾ ਲਾਜਮੀ ਹੋਵੇਗਾ:-

1) ਸਮੱਗਰਾ ਸਿੱਖਿਆ ਅਧੀਨ ਜਾਰੀ ਕੀਤੀ ਗ੍ਰਾਂਟ ਸਕੂਲ ਮੈਨੇਜਮੈਂਟ ਕਮੇਟੀ ਵਲੋਂ ਸਮੱਗਰਾ ਸਿੱਖਿਆ ਦੇ ਵਿੱਤੀ ਨਿਯਮਾਂ ਅਨੁਸਾਰ ਖਰਚ ਕੀਤੀ ਜਾਵੇਗੀ।
2) ਜਿਹਨਾਂ ਸਕੂਲਾਂ ਪਾਸ ਯੋਗ ਮੈਟ ਨਹੀ ਹਨ ਉਹ ਇਸ ਗ੍ਰਾਂਟ ਵਿਚੋਂ ਯੋਗ ਮੈਟ ਖਰੀਦ ਸਕਦੇ ਹਨ।
3) ਖੇਡ ਮੈਦਾਨ ਵਿਕਸਿਤ ਕਰਨ ਅਤੇ ਲੋੜੀਂਦਾ ਸਮਾਨ ਖਰੀਦਣ ਲਈ ਸਬੰਧਤ ਸਕੂਲ ਮੁੱਖੀ ਦਫਤਰੀ ਰਿਕਾਰਡ ਵਿੱਚ ਇਸ ਸਬੰਧੀ ਮਤਾ ਪਾ ਕੇ ਸਕੂਲ ਲਈ ਖੇਡ ਮੈਦਾਨ ਤਿਆਰ ਕਰਨਗੇ/ ਲੋੜੀਂਦਾ ਸਮਾਨ ਖਰੀਦਣਗੇ।

Scanned by CamScanner

4) ਸਮਾਨ ਖਰੀਦ ਕਰਨ ਉਪਰੰਤ ਖਰੀਦ ਕੀਤੇ ਗਏ ਸਮਾਨ ਦਾ ਇੰਦਰਾਜ ਸਕੂਲ ਦੇ ਸਟਾਕ ਰਜਿਸਟਰ ਵਿੱਚ ਕੀਤਾ ਜਾਵੇ , ਉਸ ਉਪਰੰਤ ਕ੍ਰਮਵਾਰ ਵਰਤੋਂ ਵੀ ਦਰਸਾਈ ਜਾਵੇ। ਖਰੀਦ ਕਰਨ ਉਪਰੰਤ ਖਰੀਦੇ ਗਏ ਸਮਾਨ ਦਾ ਵਰਤੋਂ ਸਰਟੀਫਿਕੇਟ ਸਕੂਲ ਮੁੱਖੀ ਵੱਲੋਂ ਇੱਕ ਮਹੀਨੇ ਦੇ ਅੰਦਰ ਅੰਦਰ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐਸਿ) ਨੂੰ ਪੁੱਜਦੇ ਕਰਨੇ ਯਕੀਨੀ ਬਣਾਏ ਜਾਣ ।

5) ਖੇਡ ਮੈਦਾਨ ਵਿਕਸਿਤ ਕਰਨ ਵੇਲੇ ਬੱਚਿਆਂ ਦੀ ਉਮਰ , ਲਿੰਗ ( ਲੜਕੇ / ਲੜਕੀਆਂ ਦੀ ਵਰਤੋਂ ਵਿੱਚ ਆਉਣ ਵਾਲੇ ) ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ।

6) ਖੇਡ ਮੈਦਾਨ ਵਿਕਸਿਤ ਕਰਨ , ਲੋੜੀਂਦੀ ਖਰੀਦ ਬੱਚਿਆਂ ਦੀ ਗਿਣਤੀ ਅਨੁਸਾਰ ਹੀ ਕੀਤੀ ਜਾਵੇ।

7) ਪਿਛਲੇ ਸਾਲਾਂ ਦੌਰਾਨ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਸਕੂਲ ਮੁੱਖੀਆਂ ਵੱਲੋਂ ਇੱਕੋ ਦੁਕਾਨ ਤੋਂ ਹੀ ਬਿਨਾਂ ਕੁਟੇਸ਼ਨਾਂ ਲਏ ਅਤੇ ਬਿਨਾਂ ਵਿੱਤੀ ਨਿਯਮਾਂ ਦਾ ਪਾਲਣ ਕੀਤੇ ਖੇਡ ਸਮਾਨ ਦੀ ਖਰੀਦ ਕੀਤੀ ਗਈ ਹੈ ।

ਜੇਕਰ ਕੋਈ ਸਕੂਲ ਮੁੱਖੀ ਨਿਯਮਾਂ ਅਨੁਸਾਰ ਸਮਾਨ ਦੀ ਖਰੀਦ ਨਹੀਂ ਕਰੇਗਾ ਤਾਂ ਉਸ ਤੇ ਵਿਭਾਗੀ ਕਾਰਵਾਈ ਕੀਤੀ ਜਾਵੇਗੀ । ਵਿਭਾਗ ਦੀਆਂ ਟੀਮਾਂ ਉਕਤ ਖਰੀਦ ਦੀ ਮਾਨੀਟਰਿੰਗ ਕਰਨਗੀਆਂ ।

ਉਪਰੋਕਤ ਅਨੁਸਾਰ ਸਮੱਗਰਾ ਸਿੱਖਿਆ ਅਭਿਆਨ ਵੱਲੋਂ ਸਪੋਰਟਸ ਅਤੇ ਫਿਜੀਕਲ ਐਜੂਕੇਸ਼ਨ ਅਧੀਨ ਜਾਰੀ ਗ੍ਰਾਂਟ ਨੂੰ ਉਕਤ ਦਿਸਾ ਨਿਰਦੇਸਾਂ ਅਨੁਸਾਰ ਖਰਚ ਕਰਨਾ ਯਕੀਨੀ ਬਣਾਇਆ ਜਾਵੇ।

ਡਿਪਟੀ ਡਾਇਰੈਕਟਰ (ਫਿਜੀਕਲ ਐਜੂਕੇਸਨ)

Scanned by CamScanner